ਡਾਇਰੈਕਟੋਰੇਟ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।
ਐਟ ਪੰ.ਸ.ਸਿੱ.ਬੋਰਡ ਕੰਪਲੈਕਸ, ਫੇਜ਼-VIII, ਐਸ.ਏ.ਐਸ. ਨਗਰ।
(ਕੋਆਰਡੀਨੇਸ਼ਨ ਸ਼ਾਖਾ)
(email. dpise.coordination@punjabeducation.gov.in)

---

ਸੇਵਾ ਵਿਖੇ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ), ਪੰਜਾਬ।
2. ਸਮੂਹ ਸਕੂਲ ਪ੍ਰਿੰਸੀਪਲ/ਮੁੱਖੀ, ਪੰਜਾਬ।

ਮੀਮੋ ਨੰ. 726188/DPISE/Cord/2024/19/ 173419
ਮਿਤੀ: 17/07/2024

ਵਿਸ਼ਾ:- ਵਿਦਿਆਰਥੀਆਂ ਦੀ ਹਾਜ਼ਰੀ "ePunjab school login" app ਰਾਹੀਂ ਲਗਾਉਣ ਸਬੰਧੀ।

1.0 ਸਕੂਲ ਅਧਿਆਪਕਾਂ/ਕਲਾਸ ਇੰਚਾਰਜ ਵੱਲੋਂ ਵਿਦਿਆਰਥੀਆਂ ਦੀ ਹਾਜ਼ਰੀ ਰਜਿਸਟਰ ਤੇ ਲਗਾਕੇ ਪੋਰਟਲ ਤੇ ਅਪਲੋਡ ਕੀਤੀ ਜਾਂਦੀ ਹੈ। ਅਜਿਹਾ ਕਰਨ ਨਾਲ ਕਲਾਸ ਇੰਚਾਰਜ਼/ਅਧਿਆਪਕਾਂ ਦਾ ਕਾਫੀ ਸਮਾਂ ਖਰਾਬ ਹੁੰਦਾ ਹੈ। ਅਧਿਆਪਕਾਂ ਦੀਆਂ ਅਜਿਹੀਆਂ ਸਮੱਸਿਆਵਾਂ ਨੂੰ ਮੁੱਖ ਰੱਖਦੇ ਹੋਏ ਸਕੂਲਾਂ ਵੱਲੋਂ ਮੌਜੂਦਾ ਸਮੇਂ ਦੌਰਾਨ ਵਰਤੀ ਜਾਂਦੀ ਮੋਬਾਇਲ ਐਪ "ePunjab school login" ਅਧੀਨ ਵਿਦਿਆਰਥੀਆਂ ਦੀ ਹਾਜ਼ਰੀ ਲਈ ਇੱਕ ਨਵਾਂ ਲਿੰਕ "Student Attendance" ਪਾ ਦਿੱਤਾ ਗਿਆ ਹੈ।

2.0 ਸਕੂਲ ਅਧਿਆਪਕ ਇਸ ਐਪ ਦੀ ਮਦਦ ਨਾਲ ਜਮਾਤਵਾਰ ਵਿਦਿਆਰਥੀਆਂ ਦੀ ਹਾਜ਼ਰੀ ਲਗਾ ਸਕਦੇ ਹਨ। ਜਮਾਤ select ਕਰਦੇ ਹੀ ਵਿਦਿਆਰਥੀ ਦੀ ਸੂਚੀ ਆਪਣੇ ਆਪ display ਹੋ ਜਾਵੇਗੀ। ਸਕੂਲ ਅਧਿਆਪਕ ਨੂੰ ਸਿਰਫ ਉਹੀ ਵਿਦਿਆਰਥੀ select ਕਰਨੇ ਹਨ ਜੋ ਉਸ ਦਿਨ ਗੈਰਹਾਜ਼ਰ ਹਨ। ਸਿਸਟਮ ਵਿੱਚ ਇਨ੍ਹਾਂ select ਕੀਤੇ ਵਿਦਿਆਰਥੀਆਂ ਨੂੰ ਗੈਰ-ਹਾਜ਼ਰ ਮਾਰਕ ਕਰ ਦਿੱਤਾ ਜਾਵੇਗਾ।

3.0 ਇਹ ਐਪ Google Play Store ਅਤੇ Apple IOS Store ਉੱਤੇ ਵੀ ਉਪਲਬਧ ਹੈ।

4.0 ਉਪਰੋਕਤ ਦੇ ਸਨਮੁੱਖ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਵਿਦਿਆਰਥੀਆਂ ਦੀ ਹਾਜ਼ਰੀ ਰੋਜ਼ਾਨਾ "ePunjab school login" app ਰਾਹੀਂ ਲਗਾਉਣੀ ਯਕੀਨੀ ਬਣਾਈ ਜਾਵੇ।

17.07.24
ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)

ਪਿੱ.ਅੰ.ਨੰ.ਉਕਤ 173420 ਮਿਤੀ 17/07/2024

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ
2. ਨਿੱਜੀ ਸਕੱਤਰ/ਸਕੱਤਰ ਸਕੂਲ ਸਿੱਖਿਆ ਜੀ
3. ਡਿਪਟੀ ਐਸ.ਪੀ.ਡੀ. (ਆਈ.ਸੀ.ਟੀ.)

17.07.24
ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)